بِسۡمِ اللّٰہِ الرَّحۡمٰنِ الرَّحِیۡم    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡم    وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਓਹਦ ਵਿੱਚ ਹਜ਼ਰਤ ਹਮਜ਼ਾ ਦੀ ਸ਼ਹਾਦਤ ਅਤੇ ਅਨੰਸਾਰੀ ਔਰਤਾਂ ਦਾ ਵੈਣ, ਹਜ਼ਰਤ ਮਸਅਬ ਦੀ ਸ਼ਹਾਦਤ ਉੱਤੇ ਆਂਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਦੀ ਦੁਆ, ਜੰਗ ਦੇ ਮੈਦਾਨ ਵਿੱਚ ਮੁਸਲਮਾਨ ਔਰਤਾਂ ਦਾ ਮਿਸਾਲੀ ਕਿਰਦਾਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ**
**ਅੱਯਾਦਹੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 01 ਮਾਰਚ 2024 ਮਸਜਿਦ ਮਬਾਰਕ, ਇਸਲਾਮਾਬਾਦ ਟਿਲਫ਼ੋਰਡ, ਯ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُولُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَاِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਜੰਗੇ ਓਹਦ ਦੇ ਹਾਲਾਤ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਨੇ ਜ਼ਖ਼ਮੀਆਂ ਅਤੇ ਸ਼ਹੀਦਾਂ ਨੂੰ ਜਮ੍ਹਾਂ ਕੀਤਾ। ਜ਼ਖ਼ਮੀਆਂ ਦੀ ਪੱਟੀ ਕੀਤੀ ਗਈ ਅਤੇ ਸ਼ਹੀਦਾਂ ਨੂੰ ਦਫ਼ਨਾਉਣ ਦਾ ਪ੍ਰਬੰਧ ਕੀਤਾ ਗਿਆ। ਉਸ ਸਮੇਂ ਪਤਾ ਲੱਗਿਆ ਕਿ ਕੁੱਫ਼ਾਰ ਨੇ ਕੁੱਝ ਸਹਾਬੀਆਂ ਨੂੰ ਕੇਵਲ ਸ਼ਹੀਦ ਨਹੀਂ ਕੀਤਾ। ਸਗੋਂ ਉਹਨਾਂ ਦੇ ਨੱਕ ਕੰਨ ਵੀ ਕੱਟ ਦਿੱਤੇ ਹਨ। ਇਹ ਵੇਖ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਬਹੁਤ ਦੁੱਖ ਹੋਇਆ। ਉਹਨਾਂ ਸ਼ਹੀਦਾਂ ਵਿੱਚ ਆਪ ਦੇ ਚਾਚਾ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਵੀ ਸ਼ਾਮਿਲ ਸਨ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕੁੱਫ਼ਾਰ ਨੇ ਆਪ ਹੀ ਆਪਣੇ ਕਰਮ ਨਾਲ ਆਪਣੇ ਲਈ ਉਸ ਬਦਲੇ ਨੂੰ ਯੋਗ ਬਣਾ ਲਿਆ ਹੈ। ਜਿਸ ਨੂੰ ਅਸੀਂ ਅਯੋਗ ਸਮਝਦੇ ਸਨ। ਉਸ ਸਮੇਂ ਰੱਬ ਵੱਲੋਂ ਵਹੀ ਆਈ ਕਿ ਕੁੱਫ਼ਾਰ ਜੋ ਕੁੱਝ ਕਰਦੇ ਹਨ। ਉਹਨਾਂ ਨੂੰ ਕਰ ਲੈਣ ਦਿਓ। ਤੁਸੀਂ ਰਹਿਮ ਅਤੇ ਇਨੰਸਾਫ਼ ਨੂੰ ਕਦੇ ਨਹੀਂ ਛੱਡਣਾ।

ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਨੂੰ ਦਫ਼ਨ ਕਰਨ ਸੰਬੰਧੀ ਜ਼ਿਕਰ ਹੈ ਕਿ ਆਪ ਰਜ਼ੀ ਅੱਲਾਹ ਅੰਨਹੁ ਨੂੰ ਇੱਕ ਹੀ ਕਪੜ੍ਹੇ ਵਿੱਚ ਕਫ਼ਨ ਦਿੱਤਾ ਗਿਆ। ਜੱਦ ਆਪ ਰਜ਼ੀ ਅੱਲਾਹ ਅੰਨਹੁ ਦੇ ਸਿਰ ਉੱਤੇ ਕਪੜ੍ਹਾ ਪਾਉਂਦੇ ਤਾਂ ਪੈਰ੍ਹ ਨੰਗੇ ਹੋ ਜਾਂਦੇ ਅਤੇ ਜੱਦ ਪੈਰ੍ਹਾਂ ਉੱਤੇ ਕਪੜ੍ਹਾ ਪਾਉਂਦੇ ਤਾਂ ਸਿਰ ਨੰਗਾ ਹੋ ਜਾਂਦਾ। ਇਸ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕਪੜ੍ਹਾ ਉਹਨਾਂ ਦੇ ਚਿਹਰੇ ਉੱਤੇ ਪਾਇਆ ਜਾਵੇ ਅਤੇ ਪੈਰ੍ਹਾਂ ਉੱਤੇ ਘਾਹ ਪਾ ਦਿੱਤੀ ਜਾਵੇ।

ਵੈਣ, ਜੋ ਸਵਰਗਵਾਸੀਆਂ ਉੱਤੇ ਕੀਤਾ ਜਾਂਦਾ ਹੈ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਉਸ ਦੀ ਕਿੰਨ੍ਹੀ ਸੋਹਣੀ ਮਨਾਹੀ ਕੀਤੀ। ਇੱਕ ਸਾਖੀ ਵਿੱਚ ਆਉਂਦਾ ਹੈ ਅਤੇ ਇਹ ਹਜ਼ਰਤ ਅਬਦੁੱਲਾਹ ਬਿਨ ਉਮਰ ਰਜ਼ੀ ਅੱਲਾਹ ਅੰਨਹੁ ਦੀ ਸਾਖੀ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਜੱਦ ਓਹਦ ਤੋਂ ਪਰਤੇ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਸੁਣਿਆ ਕਿ ਅਨੰਸਾਰ ਦੀਆਂ ਔਰਤਾਂ ਆਪਣੇ ਪਤੀਆਂ ਉੱਤੇ ਵੈਣ ਕਰਦੀਆਂ ਹਨ। ਆਪ ਸੱਲਲਾਹੁ

ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕੀ ਗੱਲ੍ਹ ਹੈ ਹਮਜ਼ਾ ਉੱਤੇ ਕੋਈ ਰੋਣ ਵਾਲਾ ਨਹੀਂ। ਅੰਨਸਾਰ ਦੀਆਂ ਔਰਤਾਂ ਨੂੰ ਇਹ ਪਤਾ ਲੱਗਿਆ ਤਾਂ ਉਹ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਉੱਤੇ ਵੈਣ ਕਰਨ ਲਈ ਜਮ੍ਹਾਂ ਹੋ ਗਈਆਂ। ਫ਼ਿਰ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਦੀ ਅੱਖ ਲੱਗ ਗਈ। ਮੇਰੇ ਖ਼ਿਆਲ ਵਿੱਚ ਮਸਜਿਦ ਵਿੱਚ ਹੀ ਕੁੱਝ ਦੂਰੀ ਉੱਤੇ ਹੀ ਸਨ ਅਤੇ ਜੱਦ ਜਾਗ ਆਈ ਤਾਂ ਔਰਤਾਂ ਹਾਲੇ ਵੀ ਵੈਣ ਪਾ ਰਹੀਆਂ ਸਨ। ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਇਹ ਲੋਕ ਅੱਜ ਹਮਜ਼ਾ ਦਾ ਨਾਂ ਲੈ ਕੇ ਹੀ ਰੋਂਦੇ ਰਹਿਣਗੇ, ਬੰਦ ਨਹੀਂ ਕਰਨਗੇ। ਉਹਨਾਂ ਨੂੰ ਕਹਿ ਦਿਓ ਕਿ ਪਰਤ ਜਾਓ। ਤੱਦ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਨੂੰ ਹਦਾਯਤ ਕੀਤੀ ਕਿ ਆਪਣੇ ਘਰਾਂ ਨੂੰ ਪਰਤ ਜਾਓ ਅਤੇ ਅੱਜ ਦੇ ਬਾਦ ਕਿਸੇ ਮਰਨ ਵਾਲੇ ਦਾ ਮਾਤਮ ਅਤੇ ਵੈਣ ਨ ਕਰਨਾ। ਇੰਝ ਬਹੁਤ ਹਿਕਮਤ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਅਨੰਸਾਰ ਦੀਆਂ ਔਰਤਾਂ ਦੇ ਜਜ਼ਬਾਤ ਦਾ ਖ਼ਿਆਲ ਰੱਖਿਆ। ਉਹਨਾਂ ਨੂੰ ਆਪਣੇ ਪਤੀਆਂ ਅਤੇ ਭਰਾਵਾਂ ਦੇ ਵਿਛੋੜ੍ਹੇ ਉੱਤੇ ਮਾਤਮ ਕਰਨ ਤੋਂ ਰੋਕਣ ਦੀ ਥਾਂ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਦਾ ਜ਼ਿਕਰ ਕੀਤਾ। ਉਹਨਾਂ ਉੱਤੇ ਰੋਣ ਵਾਲਾ ਕੋਈ ਨਹੀਂ ਸੀ। ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਹਜ਼ਰਤ ਹਮਜ਼ਾ ਦੀ ਸ਼ਹਾਦਤ ਉੱਤੇ, ਫ਼ਿਰ ਲਾਸ਼ ਦੀ ਬੇਇਜ਼ਤੀ ਵੇਖ ਕਰ ਬਹੁਤ ਦੁੱਖ ਹੋਇਆ ਸੀ। ਪਰ ਜੱਦ ਵੇਖਿਆ ਕਿ ਅਨੰਸਾਰ ਔਰਤਾਂ ਹਾਲੇ ਵੀ ਵੈਣ ਬੰਦ ਨਹੀਂ ਕਰ ਰਹੀਆਂ ਤਾਂ ਫ਼ਿਰ ਉਸ ਉੱਤੇ ਇਸ ਰਸਮ ਨੂੰ ਖ਼ਤਮ ਕਰਨ ਲਈ, ਇਹ ਰਸਮ ਹੀ ਸੀ, ਆਪਣਾ ਨਮੂਨਾ ਪੇਸ਼ ਕੀਤਾ ਅਤੇ ਉਹਨਾਂ ਨੂੰ ਸਬਰ ਸੰਤੋਖ ਦੀ ਸਿੱਖਿਆ ਦਿੱਤੀ। ਅਜਿਹੀ ਸਿੱਖਿਆ ਜੋ ਪ੍ਰਭਸ਼ਾਲੀ ਸੀ। ਜਿੱਥੇ ਤੱਕ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਦੇ ਵਿਛੋੜ੍ਹੇ ਦੇ ਦੁੱਖ ਦਾ ਸੰਬੰਧ ਹੈ। ਉਹ ਅੰਤ ਤੱਕ ਆਪ ਨੂੰ ਰਿਹਾ। ਸਦਾ ਉਸ ਦਾ ਜ਼ਿਕਰ ਕਰਦੇ ਸਨ।

ਹਜ਼ਰਤ ਮਸਅਬ ਰਜ਼ੀ ਅੱਲਾਹ ਅੰਨਹੁ ਦੇ ਦਫ਼ਨ ਕਰਨ ਦਾ ਜ਼ਿਕਰ ਇੰਝ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ, ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਦੀ ਲਾਸ਼ ਦੇ ਕੋਲ੍ਹ ਪਹੁੰਚੇ। ਉਹਨਾਂ ਦੀ ਲਾਸ਼ ਪੁੱਠੀ (ਮੂੰਹ ਭਾਰ) ਪਈ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਨੂੰ ਵੇਖ ਕੇ ਇਹ ਆਇਤ ਪੜ੍ਹੀ ਕਿ ਮੋਮਿਨਾਂ ਵਿੱਚੋਂ ਅਜਿਹੇ ਮਰਦ ਹਨ। ਜਿੰਨ੍ਹਾਂ ਨੇ ਜਿਸ ਗੱਲ੍ਹ ਉੱਤੇ ਰੱਬ ਨਾਲ ਵਚਨ ਕੀਤਾ। ਉਸ ਨੂੰ ਸੱਚ ਕਰ ਵਿਖਾਇਆ। ਸੋ, ਉਹਨਾਂ ਵਿੱਚੋਂ ਉਹ ਵੀ ਹਨ। ਜਿੰਨ੍ਹਾਂ ਨੇ ਆਪਣੀ ਮਨੰਤ ਨੂੰ ਪੂਰਾ ਕਰ ਦਿੱਤਾ ਅਤੇ ਉਹਨਾਂ ਵਿੱਚੋਂ ਉਹ ਵੀ ਹਨ। ਜੋ ਹਾਲੇ ਵੀ ਉਡੀਕ ਰਹੇ ਹਨ। ਇਹ ਆਇਤ ਪੜ੍ਹ ਕੇ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਰੱਬ ਦਾ ਰਸੂਲ ਗਵਾਹੀ ਦਿੰਦਾ ਹੈ ਕਿ ਤੁਸੀਂ ਕਯਾਮਤ ਦੇ ਦਿਨ ਵੀ ਰੱਬ ਦੇ ਹਜ਼ੂਰ ਸ਼ਹੀਦ ਹੋ। ਫ਼ਿਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਸਹਾਬੀਆਂ ਨੂੰ ਹਦਾਯਤ ਫ਼ਰਮਾਈ ਕਿ ਉਹਨਾਂ ਦੇ ਦਰਸ਼ਨ ਕਰ ਲਓ ਅਤੇ ਉਹਨਾਂ ਉੱਤੇ ਸਲਾਮ ਭੇਜੋ। ਉਸ ਜ਼ਾਤ ਦੀ ਕਸਮ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ! ਕਯਾਮਤ ਦੇ ਦਿਨ ਤੱਕ ਜੋ ਵੀ ਉਹਨਾਂ ਉੱਤੇ ਸਲਾਮ ਭੇਜੇਗਾ। ਉਹ ਉਸ ਦੇ ਸਲਾਮ ਦਾ ਉੱਤਰ ਦੇਣਗੇ।

ਓਹਦ ਦੇ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਸ਼ਹੀਦਾਂ ਨੂੰ ਦਫ਼ਨ ਕਰਨ ਦੇ ਬਾਦ ਸਭ ਲੋਕਾਂ ਨੂੰ ਜਮ੍ਹਾਂ ਕਰਕੇ ਇੰਝ ਦੁਆ ਕੀਤੀ ਕਿ ਹੇ ਰੱਬ! ਸਾਰੀ ਪ੍ਰਸ਼ੰਸ਼ਾ ਤੇਰੇ ਲਈ ਹੈ। ਹੇ ਰੱਬ! ਜਿਸ ਚੀਜ਼ ਨੂੰ ਤੂੰ ਵਧਾਏ ਉਸ ਨੂੰ ਕੋਈ ਰੋਕ ਨਹੀਂ ਸਕਦਾ ਅਤੇ ਜਿਸ ਨੂੰ ਤੂੰ ਰੋਕ ਲਏ ਤਾਂ ਉਸ ਨੂੰ ਕੋਈ ਵਧਾ ਨਹੀਂ ਸਕਦਾ ਅਤੇ ਜਿਸ ਨੂੰ ਤੂੰ ਭਟਕਾ ਦੇਵੇ। ਉਸ ਨੂੰ ਕੋਈ ਹਦਾਯਤ ਦੇ ਨਹੀਂ ਸਕਦਾ ਅਤੇ ਜਿਸ ਨੂੰ ਤੂੰ ਹਦਾਯਤ ਦੇਵੇ। ਉਸ ਨੂੰ ਕੋਈ ਭਟਕਾ

ਨਹੀਂ ਸਕਦਾ ਅਤੇ ਜੋ ਚੀਜ਼ ਤੂੰ ਰੋਕ ਲਏ। ਉਸ ਨੂੰ ਕੋਈ ਦੇ ਨਹੀਂ ਸਕਦਾ ਅਤੇ ਜੋ ਤੂੰ ਬਖ਼ਸ਼ੇ ਉਸ ਨੂੰ ਕੋਈ ਰੋਕ ਨਹੀਂ ਸਕਦਾ ਅਤੇ ਜਿਸ ਨੂੰ ਤੂੰ ਦੂਰ ਕਰੇ। ਉਸ ਨੂੰ ਕੋਈ ਨੇੜ੍ਹੇ ਕਰਨ ਵਾਲਾ ਨਹੀਂ ਅਤੇ ਜਿਸ ਨੂੰ ਤੂੰ ਨੇੜ੍ਹੇ ਕਰੇ। ਉਸ ਨੂੰ ਕੋਈ ਦੂਰ ਕਰਨ ਵਾਲਾ ਨਹੀਂ ਹੈ। ਹੇ ਰੱਬ ! ਸਾਨੂੰ ਮੁਸਲਮਾਨ ਹੋਣ ਦੀ ਹਾਲਤ ਵਿੱਚ ਮੌਤ ਦੇਈਂ ਅਤੇ ਸਾਨੂੰ ਮੁਸਲਮਾਨ ਹੋਣ ਦੀ ਹਾਲਤ ਵਿੱਚ ਜ਼ਿੰਦਾ ਕਰੀਂ ਅਤੇ ਸਾਨੂੰ ਨੇਕ ਲੋਕਾਂ ਦੇ ਨਾਲ ਇੰਝ ਚਿਮਟਾ ਦੇ ਕਿ ਨ ਅਸੀਂ ਅਪਮਾਨਿਤ ਹੋਈਏ ਅਤੇ ਨ ਫ਼ਸਾਦ ਵਿੱਚ ਪਈਏ। ਹੇ ਰੱਬ ! ਹੇ ਸੱਚੇ ਪੂਜਣਹਾਰ ! ਉਹਨਾਂ ਕਾਫ਼ਰਾਂ ਨੂੰ ਹਲਾਕ ਕਰਦੇ। ਜੋ ਤੇਰੇ ਰਸੂਲਾਂ ਦਾ ਇੰਨਕਾਰ ਕਰਦੇ ਹਨ ਅਤੇ ਤੇਰੀ ਰਾਹ ਤੋਂ ਰੋਕਦੇ ਹਨ ਅਤੇ ਉਹਨਾਂ ਉੱਤੇ ਆਪਣੀ ਸਜ਼ਾ ਅਤੇ ਪ੍ਰਕੋਪ ਨਾਜ਼ਲ ਕਰ। ਹੇ ਰੱਬ ਕਿਤਾਬ ਵਾਲੇ ਕਾਫ਼ਰਾਂ ਨੂੰ ਹਲਾਕ ਕਰ। ਆਮੀਨ

ਜੰਗੇ ਓਹਦ ਵਿੱਚ ਔਰਤਾਂ ਨੇ ਵੀ ਮਰਦਾਂ ਨਾਲ ਆਪਣੀਆਂ ਸੇਵਾਵਾਂ ਪੈਸ਼ ਕੀਤੀਆਂ। ਹਜ਼ਰਤ ਉੱਮੇ ਸਲਮਾ ਰਜ਼ੀ ਅੱਲਾਹ ਅੰਨਹਾ ਦੇ ਜੰਗੇ ਓਹਦ ਵਿੱਚ ਸ਼ਾਮਿਲ ਹੋਣ ਦਾ ਜ਼ਿਕਰ ਮਿਲਦਾ ਹੈ। ਇੰਝ ਹੀ ਸਾਖੀ ਬਿਆਨ ਕਰਨ ਵਾਲੇ ਕਹਿੰਦੇ ਹਨ ਕਿ ਓਹਦ ਦੇ ਦਿਨ ਮੈਂ ਆਇਸ਼ਾ ਰਜ਼ੀ ਅੱਲਾਹ ਅੰਨਹਾ ਅਤੇ ਉੱਮੇ ਸਲੀਮ ਰਜ਼ੀ ਅੱਲਾਹ ਅੰਨਹਾ ਨੂੰ ਵੇਖਿਆ ਕਿ ਉਹ ਮਸ਼ਕ ਵਿੱਚ ਪਾਣੀ ਲਿਆ ਕੇ ਪਿਆਸੀਆਂ ਤੱਕ ਪਹੁੰਚਾ ਰਹੀਆਂ ਹਨ। ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅੱਲਾਹ ਅੰਨਹੁ ਦੀ ਮਾਤਾ ਉੱਮੇ ਸੁਲੈਤ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉੱਮੇ ਅਤਯਾ ਰਜ਼ੀ ਅੱਲਾਹ ਅੰਨਹੁ ਸੰਬੰਧੀ ਵੀ ਇਹੀ ਜ਼ਿਕਰ ਮਿਲਦਾ ਹੈ। ਇੰਝ ਹੀ ਕੁੱਝ ਮੁਸਲਮਾਨ ਔਰਤਾਂ ਨੇਜ਼ਿਆਂ ਅਤੇ ਤਲਵਾਰਾਂ ਨਾਲ ਕੁੱਫ਼ਾਰ ਨਾਲ ਲੜ੍ਹ ਰਹੀਆਂ ਹਨ। ਜਿੰਨ੍ਹਾਂ ਵਿੱਚ ਹਜ਼ਰਤ ਉੱਮੇ ਅਮਾਰਹ ਰਜ਼ੀ ਅੱਲਾਹ ਅੰਨਹਾ ਮੁੱਖ ਹਨ। ਫ਼ਿਰ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦਾ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮ ਧੋਣ ਦਾ ਵੀ ਜ਼ਿਕਰ ਮਿਲਦਾ ਹੈ। ਇੰਝ ਹੀ ਇੱਕ ਸਾਖੀ ਵਿੱਚ ਜ਼ਿਕਰ ਮਿਲਦਾ ਹੈ ਕਿ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਓਹਦ ਦੀ ਜੰਗ ਦੀ ਖ਼ਬਰ ਲੈਣ ਕੁੱਝ ਦੂਜੀਆਂ ਔਰਤਾਂ ਦੇ ਨਾਲ ਘਰੋਂ ਬਾਹਰ ਆਈਂ ਤਾਂ ਉਹਨਾਂ ਦੀ ਮੁਲਾਕਾਤ ਰਾਹ ਵਿੱਚ ਹਿੰਦ ਬਿਨਤੇ ਅਮਰ ਰਜ਼ੀ ਅੱਲਾਹ ਅੰਨਹੁ ਨਾਲ ਹੋਈ। ਹਿੰਦ, ਅਬਦੁੱਲਾਹ ਬਿਨ ਅਮਰ ਰਜ਼ੀ ਅੱਲਾਹ ਅੰਨਹੁ ਦੀ ਭੇਣ ਸਨ। ਆਪ ਆਪਣੀ ਉਂਠਣੀ ਨੂੰ ਹਾਂਕ ਰਹੀ ਸਨ ਅਤੇ ਉਸ ਉਂਠਣੀ ਉੱਤੇ ਹਜ਼ਰਤ ਹਿੰਦ ਰਜ਼ੀ ਅੱਲਾਹ ਅੰਨਹਾ ਦੇ ਪਤੀ, ਪੁੱਤਰ ਅਤੇ ਭਰਾ ਦੀਆਂ ਲਾਸ਼ਾਂ ਸਨ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨੇ ਉਹਨਾਂ ਨੂੰ ਜੰਗ ਦੇ ਮੈਦਾਨ ਦਾ ਹਾਲ ਪੁੱਛਿਆ ਤਾਂ ਹਜ਼ਰਤ ਹਿੰਦ ਰਜ਼ੀ ਅੱਲਾਹ ਅੰਨਹਾ ਨੇ ਉੱਤਰ ਦਿੱਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਠੀਕ ਹਨ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਹੁੰਦੇ ਹੋਏ ਹਰ ਮੁਸ਼ਕਿਲ ਆਸਾਨ ਹੈ। ਆਪਣੇ ਤਿੰਨ ਕਰੀਬੀਆਂ, ਪਤੀ, ਬੇਟੇ ਅਤੇ ਭਰਾ ਦੀਆਂ ਲਾਸ਼ਾਂ ਚੁੱਕੀ ਹੋਈ ਹਨ। ਪਰ ਪੁੱਛਣ ਉੱਤੇ ਇਹ ਕਿਹਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਠੀਕ ਹਨ ਤਾਂ ਸਭ ਠੀਕ ਹੈ। ਇਹਨਾਂ ਨੂੰ ਤਾਂ ਹੁਣ ਮੈਂ ਦਫ਼ਨ ਕਰ ਹੀ ਲੈਣਾ। ਜੱਦ ਆਪ ਸੱਲਲਾਹੁ ਅਲੈਹਿ ਵਸੱਲਮ ਠੀਕ ਹਨ ਤਾਂ ਫ਼ਿਰ ਕੋਈ ਅਜਿਹੀ ਗੱਲ੍ਹ ਹੀ ਨਹੀਂ।

ਹਜ਼ਰਤ ਉੱਮੇ ਅਮਾਰਾ ਰਜ਼ੀ ਅੱਲਾਹ ਅੰਨਹਾ ਕਹਿੰਦੇ ਹਨ ਕਿ ਓਹਦ ਦੀ ਜੰਗ ਵਿੱਚ ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਕੁੱਝ ਗਿਣਤੀ ਦੇ ਸਹਾਬੀ ਰਹਿ ਗਏ ਤਾਂ ਮੈਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਕੋਲ੍ਹ ਦੌੜ੍ਹ ਕੇ ਆਈ ਅਤੇ ਤਲਵਾਰ ਰਾਹੀਂ ਕੁੱਫ਼ਾਰ ਨੂੰ ਆਪ ਸੱਲਲਾਹੁ ਅਲੈਹਿ ਵਸੱਲਮ ਕੋਲ੍ਹ ਆਉਣ ਤੋਂ ਰੋਕਣ ਲੱਗੀ ਨਾਲ ਹੀ ਕਮਾਨ ਤੋਂ ਤੀਰ ਵੀ ਚਲਾਏ। ਇੱਥੇ ਤੱਕ ਕਿ ਆਪ ਵੀ ਜ਼ਖ਼ਮੀ ਹੋ ਗਈ। ਹਜ਼ਰਤ ਉੱਮੇ ਐਮਨ ਰਜ਼ੀ ਅੱਲਾਹ ਅੰਨਹਾ ਜ਼ਖ਼ਮੀਆਂ ਨੂੰ ਪਾਣੀ ਪਿਲਾ ਰਹੀ ਸਨ ਕਿ ਇੱਕ ਮੁਸ਼ਰਿਕ ਨੇ ਉਹਨਾਂ ਵੱਲ੍ਹ ਤੀਰ ਚਲਾਇਆ। ਜੋ

ਆਪ ਰਜ਼ੀ ਅੱਲਾਹ ਅੰਨਹਾ ਦੇ ਦਾਮਨ ਨੂੰ ਲੱਗਿਆ। ਇਹ ਵੇਖ ਕੇ ਉਹ ਕਾਫ਼ਰ ਹੰਸਣ ਲੱਗਿਆ। ਉਸ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਸਾਅਦ ਬਿਨ ਅਬੀ ਵਕਾਸ ਰਜ਼ੀ ਅੱਲਾਹ ਅੰਨਹੁ ਨੂੰ ਇੱਕ ਤੀਰ ਦਿੱਤਾ। ਜਿਸ ਦਾ ਫ਼ਲ ਨ ਸੀ, ਆਪ ਰਜ਼ੀ ਅੱਲਾਹ ਅੰਨਹੁ ਨੇ ਉਹ ਤੀਰ ਚਲਾਇਆ। ਉਹ ਤੀਰ ਉਸ ਕਾਫ਼ਰ ਨੂੰ ਲੱਗਿਆ ਅਤੇ ਉਹ ਪਿੱਛੇ ਡਿੱਗ ਗਿਆ। ਜਿਸ ਨਾਲ ਉਸ ਦਾ ਨੰਗ ਪ੍ਰਕਟ ਹੋ ਗਿਆ। ਉਸ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਮੁਸਕਰਾਏ। ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਰੱਬ ਦੀ ਇਸ ਮਿਹਰ ਉੱਤੇ ਮੁਸਕਰਾ ਉੱਠੇ ਕਿ ਰੱਬ ਨੇ ਉਸ ਕਾਫ਼ਰ ਨੂੰ ਅਜਿਹੇ ਤੀਰ ਨਾਲ ਰਾਹ ਤੋਂ ਹਟਾਇਆ। ਜਿਸ ਦਾ ਫ਼ਲ ਵੀ ਨਹੀਂ ਸੀ। ਇੱਕ ਸਿੱਧੀ ਜਿਹੀ ਸੋਟੀ ਵਾਂਗ ਸੀ। ਉਸ ਨੇ ਹੀ ਉਸ ਕਾਫ਼ਰ ਨੂੰ ਮਾਰ ਦਿੱਤਾ।

ਇੱਕ ਲੇਖਕ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਦੀ ਬਹਾਦਰੀ ਅਤੇ ਸੂਝ-ਬੂਝ ਦਾ ਜ਼ਿਕਰ ਕਰਦੇ ਹੋਏ ਲਿੱਖਿਆ ਹੈ ਕਿ ਜੱਦ ਖ਼ਾਲਿਦ ਬਿਨ ਵਲੀਦ ਦੀ ਅਗਵਾਈ ਵਿੱਚ ਕੁਰੈਸ਼ੀ ਘੁੜ ਸਵਾਰ ਅਬਦੁੱਲਾਹ ਬਿਨ ਜ਼ੁਬੈਰ ਰਜ਼ੀ ਅੱਲਾਹ ਅੰਨਹੁ ਅਤੇ ਉਹਨਾਂ ਦੇ ਸਾਥੀਆਂ ਨੂੰ ਸ਼ਹੀਦ ਕਰਦੇ ਹੋਏ ਇਸਲਾਮੀ ਲਸ਼ਕਰ ਦੇ ਪਿੱਛੇ ਪ੍ਰਕਟ ਹੋਏ। ਤੱਦ ਪ੍ਰੀਖਿਆ ਦੇ ਉਸ ਸਮੇਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਬਹਾਦਰੀ ਪ੍ਰਕਟ ਹੋਈ। ਕਿਉਂਕਿ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾ ਕੇ ਸਾਥੀਆਂ ਦੀ ਜਾਨ ਬਚਾਉਣ ਦਾ ਫ਼ੈਸਲਾ ਫ਼ਰਮਾਇਆ ਸੀ। ਸਹਾਬੀਆਂ ਨੂੰ ਵੀ ਹਾਲਾਤ ਸਮਝ ਆ ਗਏ। ਕਿਉਂਕਿ ਉਹ ਦੂਰੀ ਉੱਤੇ ਸਨ। ਸੋ, ਉਹਨਾਂ ਤੋਂ ਪਹਿਲਾਂ ਕੁਰੈਸ਼ੀ ਘੁੜ ਸਵਾਰਾਂ ਦੇ ਇੱਕ ਦਸਤੇ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉੱਤੇ ਹਮਲਾ ਕਰ ਦਿੱਤਾ ਅਤੇ ਬਾਕੀ ਘੁੜ ਸਵਾਰਾਂ ਨੇ ਤੇਜ਼ੀ ਨਾਲ ਮੁਸਲਮਾਨਾਂ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਜ਼ਖ਼ਮੀ ਹਾਲਤ ਵਿੱਚ ਵੀ ਹਵਾਸ ਕਾਯਮ ਰੱਖਣ ਅਤੇ ਸਹਾਬੀਆਂ ਦੀ ਅਗਵਾਈ ਕਰਨ ਅਤੇ ਉਹਨਾਂ ਨੂੰ ਹੌਂਸਲਾ ਦੇਣ ਦਾ ਵੀ ਜ਼ਿਕਰ ਮਿਲਦਾ ਹੈ। ਅਤਬਾ ਬਿਨ ਅਬੀ ਵਕਾਸ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉੱਤੇ ਇੱਕ ਪੱਥਰ ਖਿੱਚ ਕੇ ਮਾਰਿਆ। ਜੋ ਆਪ ਦੇ ਮੂੰਹ ਉੱਤੇ ਲੱਗਿਆ ਅਤੇ ਆਪ ਦੇ ਸਾਮ੍ਹਣੇ ਵਾਲੇ ਦੋ ਦੰਦ ਅਤੇ ਸੂਏ ਦਾ ਵਿੱਚਕਾਰ ਵਾਲਾ ਦੰਦ ਟੁੱਟ ਗਿਆ। ਨਾਲ ਹੀ ਉਸ ਨਾਲ ਹੇਠਲਾ ਬੁੱਲ੍ਹ ਵੀ ਪਾਟ ਗਿਆ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਅਤਬਾ ਬਿਨ ਅਬੀ ਵਕਾਸ ਦੇ ਖ਼ਿਲਾਫ਼ ਇਹ ਦੁਆ ਕੀਤੀ। ਹੇ ਰੱਬ ! ਇੱਕ ਸਾਲ ਲੰਘਣ ਤੋਂ ਪਹਿਲਾਂ ਹੀ ਇਸ ਦੀ ਕਾਫ਼ਰ ਹੋਣ ਦੀ ਹਾਲਤ ਵਿੱਚ ਮੌਤ ਹੋ ਜਾਵੇ। ਰੱਬ ਨੇ ਆਪ ਦੀ ਇਹ ਦੁਆ ਕਬੂਲ ਫ਼ਰਮਾਈ ਅਤੇ ਉਸ ਨੂੰ ਉਸੇ ਦਿਨ ਹਾਤਿਬ ਬਿਨ ਅਬੀ ਬਲਤਆ ਨੇ ਕਤਲ ਕੀਤਾ

ਖ਼ੁਤਬੇ ਦੇ ਦੂਜੇ ਹਿੱਸੇ ਵਿੱਚ ਹਜ਼ੂਰੇ ਅਨਵਰ ਨੇ ਸ਼੍ਰੀਮਾਨ ਖ਼ਾਲਿਦ ਅਲ-ਨਕੀਬ ਸਾਹਿਬ ਆਫ਼ ਸੀਰਯਾ, ਸ਼੍ਰੀਮਤੀ ਨੋਸ਼ੀਬਾ ਮੁਬਾਰਿਕ ਸਾਹਿਬਾ ਪਤਨੀ ਸ਼੍ਰੀਮਾਨ ਜਲੀਸ ਅਹਮਦ ਮੁਰੱਬੀ ਸਿਲਸਿਲਾ, ਸ਼੍ਰੀਮਤੀ ਰਜ਼ੀਆ ਸੁਲਤਾਨਾ ਸਾਹਿਬਾ ਪਤਨੀ ਸਵਰਗਵਾਸੀ ਸ਼੍ਰੀਮਾਨ ਅਬਦੁੱਲ ਹਮੀਦ ਖ਼ਾਨ ਸਾਹਿਬ ਆਫ਼ ਰਬਵਾਹ, ਸ਼੍ਰੀਮਾਨ ਬੁਸ਼ਰਾ ਸਾਹਿਬਾ ਪਤਨੀ ਡਾਕਟਰ ਮੁਹੱਮਦ ਸਲੀਮ ਸਾਹਿਬ ਆਫ਼ ਲਾਹੌਰ, ਸ਼੍ਰੀਮਾਨ ਰਸ਼ੀਦ ਅਹਮਦ ਚੌਧਰੀ ਸਾਹਿਬ ਆਫ਼ ਨਾਰਵੇ ਦਾ ਜ਼ਿਕਰ ਫ਼ਰਮਾਇਆ ਅਤੇ ਉਹਨਾਂ ਦੀ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਕੀਤਾ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔